## ਰੌਇਲ ਡੀ ਹੇਅਸ

ਕੰਪਨੀ 1911 ਵਿੱਚ ਬਰਨੇਵੈਲਡ, ਨੀਦਰਲੈਂਡਜ ਵਿਖੇ ਇੱਕ ਅਨਾਜ ਮਿੱਲ ਤੋਂ ਸ਼ੁਰੂ ਹੋਈ ਸੀ ਜੋ ਅੱਜ ਫੀਡ ਕੰਸਨਟਰੇਟ ਪ੍ਰੀਮਿਕਸ ਅਤੇ ਵਿਸ਼ੇਸ਼ ਉਤਪਾਦਾਂ ਦੀ ਪੂਰੀ ਰੇਂਜ ਦੇ ਨਿਰਮਾਣ ਅਤੇ ਨਿਰਯਾਤ ਵਿੱਚ ਮੋਹਰੀ ਬਣ ਗਈ ਹੈ। ਇਸ ਵੇਲੇ ਇਹ ਪਸ਼ੂ ਆਹਾਰ ਬਣਾਉਣ ਵਾਲੀਆਂ ਦੁਨੀਆਂ ਦੀਆਂ ਸੱਭ ਤੋਂ ਵੱਡੀਆਂ 15 ਕੰਪਨੀਆਂ ਵਿੱਚ ਸ਼ਾਮਲ ਹੈ। ਇਸ ਕੋਲ 4200 ਮੁਲਾਜ਼ਮ ਹਨ ਅਤੇ ਇਸ ਦਾ ਕਾਰੋਬਾਰ 70 ਦੇਸਾਂ ਵਿੱਚ ਚੱਲ ਰਿਹਾ ਹੈ।

ਕੰਪਨੀ ਦੀ ਵਿਲੱਖਣ ਫਿਲਾਸਫੀ ਡੇਅਰੀ ਫਾਰਮਰਾਂ ਨੂੰ ਫਾਰਮ ਪ੍ਰਬੰਧਨ ਦੇ ਹਰ ਪੱਖ ਵਿੱਚ ਸਹਾਇਤਾ ਦੇਣਾ ਤੇ ਉਨ੍ਹਾਂ ਦੇ ਪਸ਼ੂਆਂ ਦੀ ਸਿਹਤ, ਉਮਰ ਅਤੇ ਦੁੱਧ ਉਤਪਾਦਨ ਵਿੱਚ ਵਾਧਾ ਕਰਨ ਦੇ ਨਾਲ ਨਾਲ ਉਹਨਾਂ ਦੀ ਆਮਦਨ ਵਿੱਚ ਵਾਧਾ ਕਰਨਾ ਹੈ।

ਕੰਪਨੀ ਦੁਨੀਆਂ ਭਰ ਤੋਂ ਗਿਆਨ ਅਤੇ ਤਜਰਬਾ ਹਾਸਲ ਕਰਦੀ ਹੈ। ਉਸ ਦਾ ਅਨੁਵਾਦ ਕਰਕੇ, ਸਬੰਧਤ ਦੇਸ਼ ਦੀਆਂ ਲੋੜਾਂ ਅਨੁਸਾਰ ਉਤਪਾਦ ਅਤੇ ਸੇਵਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਕੰਪਨੀ ਦੇ ਡੇਅਰੀ ਮਾਹਿਰ ਦੇਸ਼ ਵਿਦੇਸ਼ ਵਿੱਚ ਘੁੰਮ ਕੇ ਫਾਰਮ ਪ੍ਰਬੰਧਨ ਸੁਧਾਰ ਨਾਲ ਜੁੜੇ ਹਰ ਪਹਿਲੂ ਤੇ ਬਾਰੀਕੀ ਨਾਲ ਧਿਆਨ ਦਿੰਦੇ ਹਨ। ਉਹ ਸਥਾਨਕ ਟੀਮਾਂ ਅਤੇ ਕਿਸਾਨਾਂ ਨੂੰ ਸਿਖਲਾਈ ਦੇ ਕੇ ਵਿਕਸਿਤ ਕਰਦੇ ਹਨ।

ਰਾਜਪੁਰਾ ਪੰਜਾਬ ਵਿਖੇ ਸਥਾਪਿਤ ਫੈਕਟਰੀ ਵਿੱਚ ਅਜਿਹੇ ਉਤਪਾਦ ਤਿਆਰ ਕੀਤੇ ਜਾ ਰਹੇ ਹਨ ਜੋ ਭਾਰਤੀ ਗਾਵਾਂ ਅਤੇ ਮੱਝਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਸਮਰੱਥ ਹਨ। ਇਨ੍ਹਾਂ ਉਤਪਾਦਾਂ ਵਿੱਚ ਕੰਪਨੀ ਵਲੋਂ ਦੁਨੀਆਂ ਭਰ ਤੋਂ ਇੱਕਠੇ ਕੀਤੇ ਗਿਆਨ ਅਤੇ ਸਥਾਨਕ ਤਜਰਬੇ ਦਾ ਸੰਗਮ ਕੀਤਾ ਹੈ, ਜਿਸ ਨਾਲ ਭਾਰਤੀ ਡੇਅਰੀ ਖੇਤਰ ਦੇ ਸੁਧਾਰ ਲਈ ਲੋੜੀਂਦੇ ਹੱਲ ਵਿਕਸਤ ਕੀਤੇ ਜਾਂਦੇ ਹਨ।

ਸਾਡੀ ਸਾਰੀ ਪਸ਼ੂ ਖੁਰਾਕ ਦਾ ਨਿਰਮਾਣ ਅਤੇ ਨਿਯੰਤਰਣ ਡੀ ਹੇਅਸ (ਹਾਲੈਂਡ) ਦੇ ਸਖਤ ਗੁਣਵੱਤਾ ਮਾਨਕ ਅਨੁਸਾਰ ਕੀਤਾ ਜਾਂਦਾ ਹੈ।





# ਪ੍ਰਗਤੀ
## ਸਾਡੇ ਖ਼ੂਨ ਵਿੱਚ ਹੈ।

**DE HEUS INDIA PVT. LTD**
Khasra No. 29/2, Village Pehar Kalan, 140401 Rajpura Distt. Patiala, tel. 09872 444 999, india@deheus.com


de heus
ਪ੍ਰਗਤੀ ਦਾ ਸ਼ਕਤੀਕਰਣ

09/2017/KR




**ਅਸੀਂ ਤੁਹਾਡੇ ਫਾਰਮ ਦੀ ਲੋੜ ਅਨੁਸਾਰ ਵਿਭਿੰਨ ਪ੍ਰਕਾਰ ਦੀ ਫੀਡ ਉਪਲਬਧ ਕਰਵਾਉਂਦੇ ਹਾਂ।**

**ਤੁਹਾਡੇ ਡੇਅਰੀ ਫਾਰਮ ਤੋਂ ਉੱਚਤਮ ਲਾਭ ਲੈਣ ਲਈ ਵਚਨਬੱਧ**



de heus
ਪ੍ਰਗਤੀ ਦਾ ਸ਼ਕਤੀਕਰਣ



# ਐਸਫੋਸ: ਇੱਕ ਨਵਾਂ ਵਿਲੱਖਣ ਸੰਕਲਪ

ਡੇਅਰੀ ਕਿਸਾਨਾਂ ਲਈ ਵੱਧ ਮੁਨਾਫਾ ਕਮਾਉਣ ਦੀ ਮੁੱਖ ਕੁੰਜੀ ਦੁਧਾਰੂ ਪਸ਼ੂਆਂ ਦੇ ਜੀਵਨ-ਕਾਲ ਵਿੱਚ ਵੱਧ ਦੁੱਧ ਉਤਪਾਦਨ ਕਰਨਾ ਹੈ। ਜੇਕਰ ਰਿਊਮਨ-ਜੀਵਾਣੂਆਂ ਨੂੰ ਭਰਪੂਰ ਮਾਤਰਾ ਵਿੱਚ ਖੁਰਾਕ ਦਿੱਤੀ ਜਾਵੇ ਤਾਂ ਰਿਊਮਨ-ਜੀਵਾਣੂ, ਰਿਊਮਨ ਵਿੱਚ ਹੀ ਲਗਭਗ 75% ਪਾਚਨ ਕਿਰਿਆ ਪੂਰੀ ਕਰ ਸਕਦੇ ਹਨ। ਸਹੀ ਮਾਤਰਾ ਵਿੱਚ ਅਤੇ ਉਚਿਤ ਢੰਗ ਨਾਲ ਖੁਰਾਕ ਦੇ ਕੇ ਅਸੀਂ ਰਿਊਮਨ ਦੀ ਸ਼ਕਤੀ ਦੀ ਪੂਰੀ ਤਰ੍ਹਾਂ ਵਰਤੋਂ ਕਰ ਸਕਦੇ ਹਾਂ।

## ਐਸਫੋਸ ਸਿਸਟਮ

ਖੁਰਾਕ ਨੂੰ ਪਚਾਉਣ ਦਾ ਕੰਮ ਵੱਧ ਕੁਸ਼ਲਤਾ ਨਾਲ ਕਰਨ ਲਈ ਰਿਊਮਨ ਦੇ ਜੀਵਾਣੂਆਂ ਨੂੰ ਸਹੀ ਮਿਆਰ ਦੀ ਪ੍ਰੋਟੀਨ ਅਤੇ ਊਰਜਾ, ਸਹੀ ਮਿਕਦਾਰ ਵਿੱਚ ਅਤੇ ਸਹੀ ਸਮੇਂ ਤੇ ਦਿੱਤੀ ਜਾਣੀ ਚਾਹੀਦੀ ਹੈ। ਉਪਲਬਧ ਪੱਠਿਆਂ ਦੇ ਵਿਸ਼ਲੇਸ਼ਣ ਨਤੀਜਿਆਂ ਤੇ ਉਨ੍ਹਾਂ ਦੇ ਵੱਖਰੇ ਵੱਖਰੇ ਅਨੁਪਾਤਾਂ ਤੇ ਆਧਾਰਿਤ ਸਾਡੇ ਮਾਹਿਰਾਂ ਨੇ ਭਾਰਤੀ ਸਥਾਨਕ ਲੋੜਾਂ ਲਈ ਉਤਪਾਦਾਂ ਦੀ ਇੱਕ ਲੰਮੀ ਰੇਂਜ ਤਿਆਰ ਕੀਤੀ ਹੈ। ਰੌਇਲ ਡੀ ਹੋਅਸ ਨੇ ਰਾਸ਼ਨ ਕੈਲਕੁਲੇਸ਼ਨ ਦਾ ਇੱਕ ਵਿਲੱਖਣ ਸਿਸਟਮ ਤਿਆਰ ਕੀਤਾ ਹੈ, ਜਿਸ ਨੂੰ ਸਿੰਕਰੋਫੋਸ (ਐਸਫੋਸ) ਕਿਹਾ ਜਾਂਦਾ ਹੈ। ਇਹ ਕਈ ਸਾਲਾਂ ਦੇ ਪ੍ਰੈਕਟੀਕਲ ਤੇ ਵਿਗਿਆਨਕ ਤਜ਼ਰਬੇ ਤੇ ਆਧਾਰਿਤ ਹੈ। ਇਸ ਐਸਫੋਸ ਸਿਸਟਮ ਨੇ ਆਪਣੀ ਤਾਕਤ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਸਾਬਤ ਕੀਤੀ ਹੈ। ਸਾਡੇ ਐਸਫੋਸ ਸਿਸਟਮ ਤੇ ਸਾਡੇ ਖਾਸ ਤੌਰ ਤੇ ਵਿਕਸਿਤ ਫਾਰਮੂਲਿਆਂ-ਸਿੰਕਰੋਮਿਕਸ ਅਤੇ ਸਿੰਕਰੋਲੈਕ ਉਤਪਾਦਾਂ ਨਾਲ ਹੇਠ ਲਿਖੇ ਨਤੀਜੇ ਸੰਭਵ ਹੁੰਦੇ ਹਨ:-

- ਬਿਹਤਰ ਜਣਨ ਸਮਰੱਥਾ
- ਪੱਠਿਆਂ ਤੋਂ ਵਾਧੂ ਦੁੱਧ
- ਚੰਗੇਰਾ ਮਿਲਕ ਫੈਟ
- ਕਿਸਾਨਾਂ ਨੂੰ ਵੱਧ ਮੁਨਾਫਾ
- ਵਧੇਰੇ ਸਿਹਤਮੰਦ ਦੁਧਾਰੂ ਪਸ਼ੂ
- ਦੁਧਾਰੂ ਪਸ਼ੂਆਂ ਦਾ ਲੰਬਾ ਉਤਪਾਦਕ ਜੀਵਨ

## ਸਿੰਕਰੋਮਿਕਸ ਰੇਂਜ

ਇਸ ਰੇਂਜ ਦਾ ਵਿਕਾਸ ਮੱਕੀ, ਘਾਹ, ਜਵੀਂ, ਬਰਸੀਮ, ਕੜਬ ਆਦਿ ਕਿਸਮ ਦੇ ਪੱਠਿਆਂ ਦੇ ਵੱਖ ਵੱਖ ਮੇਲਾਂ ਨੂੰ ਸਹੀ ਰੂਪ ਦੇਣ ਲਈ ਕੀਤਾ ਗਿਆ ਹੈ। ਸਥਿਤੀ ਵਿਸ਼ੇਸ਼ ਦੀ ਲੋੜ ਅਨੁਸਾਰ ਇਨ੍ਹਾਂ ਫਾਰਮੂਲਿਆਂ ਵਿੱਚ ਰਿਊਮਨ ਜੀਵਾਣੂਆਂ ਦਾ ਪੂਰਾ ਇਸਤੇਮਾਲ ਕਰਨ ਲਈ ਪ੍ਰੋਟੀਨ ਅਤੇ ਊਰਜਾ ਦੀ ਲੋੜੀਂਦੀ ਮਾਤਰਾ ਉਪਲਬੱਧ ਹੁੰਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦਾ ਇੱਕ ਫਾਇਦਾ ਇਹ ਹੈ ਕਿ ਇਨ੍ਹਾਂ ਵਿੱਚ ਲੋੜ ਅਨੁਸਾਰ ਮਿਨਰਲ ਤੇ ਵਿਟਾਮਿਨ ਪਹਿਲਾਂ ਹੀ ਸ਼ਾਮਲ ਕੀਤੇ ਹੁੰਦੇ ਹਨ। ਸਾਡੇ ਐਸਫੋਸ ਫੀਡ ਸਿਲੈਕਟਰ ਨਾਲ ਸਾਡਾ ਡੇਅਰੀ ਮਾਹਿਰ ਇਹ ਪਤਾ ਕਰ ਸਕਦਾ ਹੈ ਕਿ ਹਰ ਸਥਿਤੀ ਵਿਸ਼ੇਸ਼ ਵਿੱਚ ਕਿਹੜਾ ਉਤਪਾਦ ਸਭ ਤੋਂ ਵਧੀਆ ਕੰਮ ਕਰਦਾ ਹੈ।

**ਯੈਲੋ**



| ਮਾਪਦੰਡ | | ਹੇਠ ਲਿਖੇ ਪੱਠਿਆਂ ਦੇ ਮੇਲ ਨਾਲ ਉੱਤਮ ਨਤੀਜੇ ਹਾਸਲ ਹੁੰਦੇ ਹਨ | ਮਾਤ੍ਰਾ ਪ੍ਰਤੀ ਪਸ਼ੂ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥31 | ਤੂੜੀ ਜਾਂ ਪਰਾਲੀ | 3 - 4 ਕਿਲੋ |
| ਬਾਈਪਾਸ ਪ੍ਰੋਟੀਨ | +++++++ | ਮੱਕੀ ਦਾ ਸਾਇਲੇਜ | 3 - 4 ਕਿਲੋ |
| ਊਰਜਾ | ++++++ | ਮੱਕੀ ਦਾ ਸਾਇਲੇਜ ਅਤੇ ਥੋੜੇ ਹਰੇ ਪੱਠੇ | 2.5 - 3.5ਕਿਲੋ |
| ਰਿਊਮਨ ਊਰਜਾ | ++++ | | |
| ਰਿਊਮਨ ਪ੍ਰੋਟੀਨ | +++++++ | | |

**ਬਰਾਊਨ**



| ਮਾਪਦੰਡ | | ਹੇਠ ਲਿਖੇ ਪੱਠਿਆਂ ਦੇ ਮੇਲ ਨਾਲ ਉੱਤਮ ਨਤੀਜੇ ਹਾਸਲ ਹੁੰਦੇ ਹਨ | ਮਾਤ੍ਰਾ ਪ੍ਰਤੀ ਪਸ਼ੂ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥28 | ਮੱਕੀ ਦਾ ਸਾਇਲੇਜ (ਥੋੜਾ ਸਟਾਰਚ) ਜਾਂ ਕਣਕ ਦਾ ਸਾਇਲੇਜ | 3 - 4 ਕਿਲੋ |
| ਬਾਈਪਾਸ ਪ੍ਰੋਟੀਨ | ++++++ | ਮੱਕੀ ਦਾ ਸਾਇਲੇਜ + ਹਰੇ ਪੱਠੇ | 3 - 4 ਕਿਲੋ |
| ਊਰਜਾ | ++++++ | ਤਾਜਾ ਮੱਕੀ ਜਾਂ ਹਰੇ ਪੱਠੇ (ਘੱਟ ਪ੍ਰੋਟੀਨ) | 3 - 4 ਕਿਲੋ |
| ਰਿਊਮਨ ਊਰਜਾ | +++++ | ਮੱਕੀ ਦਾ ਸਾਇਲੇਜ + ਬਰਸੀਮ | 2.5 - 3.5ਕਿਲੋ |
| ਰਿਊਮਨ ਪ੍ਰੋਟੀਨ | +++++ | | |

**ਗ੍ਰੀਨ**



| ਮਾਪਦੰਡ | | ਹੇਠ ਲਿਖੇ ਪੱਠਿਆਂ ਦੇ ਮੇਲ ਨਾਲ ਉੱਤਮ ਨਤੀਜੇ ਹਾਸਲ ਹੁੰਦੇ ਹਨ | ਮਾਤ੍ਰਾ ਪ੍ਰਤੀ ਪਸ਼ੂ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥22 | ਬਰਸੀਮ (ਪੱਕਿਆ ਹੋਇਆ) ਜਾਂ ਰਾਈ ਘਾਹ (ਹਰਾ) | 2 - 3 ਕਿਲੋ |
| ਬਾਈਪਾਸ ਪ੍ਰੋਟੀਨ | +++++ | ਬਰਸੀਮ (ਹਰਾ) ਜਾਂ ਅਲਫਾਅਲਫਾ (ਪੱਕਿਆ ਹੋਇਆ) | 1 - 2 ਕਿਲੋ |
| ਊਰਜਾ | ++++++ | ਮੱਕੀ ਦਾ ਸਾਇਲੇਜ + ਅਲਫਾਅਲਫਾ | 1 - 2.5 ਕਿਲੋ |
| ਰਿਊਮਨ ਊਰਜਾ | ++++++ | ਅਲਫਾਅਲਫਾ (ਹਰਾ) | 0-1 ਕਿਲੋ |
| ਰਿਊਮਨ ਪ੍ਰੋਟੀਨ | +++ | | |

## ਸਿੰਕਰੋਲੈਕ ਰੇਂਜ

ਇਹ ਰੇਂਜ ਲਵੇਰੇ ਦੀਆਂ ਵੱਖ ਵੱਖ ਸਟੇਜਾਂ ਤੇ ਦੁੱਖ ਵਧਾਏਗੀ। ਪੱਠਿਆਂ ਦੀ ਕੁਆਲਿਟੀ ਤੇ ਆਧਾਰਿਤ ਸਿੰਕਰੋਲਕ ਦੀ ਚੋਣ ਕੀਤੀ ਜਾਵੇਗੀ। ਉਦਾਹਰਣ ਵਜੋਂ ਚੰਗੇ ਘਾਹ ਦੇ ਨਾਲ ਸਟਾਰਚ ਰਾਹੀਂ ਊਰਜਾ ਪੂਰੀ ਕਰਨੀ ਪਵੇਗੀ ਜਦ ਕਿ ਮੱਕੀ ਵਰਗੇ ਚਾਰੇ ਨਾਲ ਊਰਜਾ ਹੋਰ ਸਾਧਨਾਂ ਤੋਂ ਲੈਣੀ ਹੋਵੇਗੀ। ਇਸ ਰੇਂਜ ਦੇ ਸਾਰੇ ਫਾਰਮੂਲੇ ਸਿੰਕਰੋਮਿਕਸਿਸ ਤੋਂ ਇਲਾਵਾ ਹੋਣਗੇ। ਮਿਨਰਲ ਅਤੇ ਵਿਟਾਮਿਨਸ ਦੇ ਨਾਲ ਵਧੇਰੇ ਊਰਜਾ ਪਾਉਣ ਨਾਲ ਪੂਰਾ ਉਤਪਾਦਨ ਲੈਣ ਦੇ ਨਾਲ-ਨਾਲ ਜਣਨ ਸਮਰੱਥਾ ਵੀ ਸੁਧਰਦੀ ਹੈ।

**ਟੋਪ**



| ਮਾਪਦੰਡ | | ਸੱਭ ਤੋਂ ਵਧੀਆ ਮਿਕਸ | ਮਾਤ੍ਰਾ ਪ੍ਰਤੀ ਪਸ਼ੂ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥21 | ਸਟਾਰਚ ਭਰਪੂਰ ਪੱਠੇ | ਉੱਤਮ ਸਲਾਹ ਫੀਡ ਸਿਲੇਕਟਰ ਦੀ ਕੈਲਕੂਲੇਸ਼ਨ ਤੇ ਆਧਾਰਿਤ ਹੋਵੇਗੀ। |
| ਬਾਈਪਾਸ ਪ੍ਰੋਟੀਨ | +++++ | ਜਿਵੇਂ ਕਿ ਉੱਤਮ ਕੁਆਲਿਟੀ ਦਾ ਮੱਕੀ ਦਾ ਸਾਇਲੇਜ | |
| ਊਰਜਾ | ++++++++ | | |
| ਬਾਈਪਾਸ ਊਰਜਾ | +++++ | | |

**ਸੁਪਰ**




| ਮਾਪਦੰਡ | | ਸੱਭ ਤੋਂ ਵਧੀਆ ਮਿਕਸ | ਮਾਤ੍ਰਾ ਪ੍ਰਤੀ ਪਸ਼ੂ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥19 | ਦਰਮਿਆਨਾ ਸਟਾਰਚ ਵਾਲੇ ਪੱਠੇ | ਉੱਤਮ ਸਲਾਹ ਫੀਡ ਸਿਲੇਕਟਰ ਦੀ ਕੈਲਕੂਲੇਸ਼ਨ ਤੇ ਆਧਾਰਿਤ ਹੋਵੇਗੀ। |
| ਬਾਈਪਾਸ ਪ੍ਰੋਟੀਨ | ++++ | ਜਿਵੇਂ ਕਿ ਤਾਜਾ ਮੱਕੀ ਜਾਂ ਜਵਾਰ | |
| ਊਰਜਾ | +++++++ | | |
| ਬਾਈਪਾਸ ਊਰਜਾ | ++++++ | | |

**ਪਾਵਰ**




| ਮਾਪਦੰਡ | | ਸੱਭ ਤੋਂ ਵਧੀਆ ਮਿਕਸ | ਮਾਤ੍ਰਾ ਪ੍ਰਤੀ ਪਸ਼ੂ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥17 | ਬਿਨਾਂ ਸਟਾਰਚ ਵਾਲੇ ਪੱਠੇ | ਉੱਤਮ ਸਲਾਹ ਫੀਡ ਸਿਲੇਕਟਰ ਦੀ ਕੈਲਕੂਲੇਸ਼ਨ ਤੇ ਆਧਾਰਿਤ ਹੋਵੇਗੀ। |
| ਬਾਈਪਾਸ ਪ੍ਰੋਟੀਨ | ++++ | ਜਿਵੇਂ ਕਿ ਹਰਾ ਚਾਰਾ | |
| ਊਰਜਾ | ++++++ | | |
| ਬਾਈਪਾਸ ਊਰਜਾ | ++++++++ | | |

## ਕੈਲੀਬਰ ਪ੍ਰੋਡਕਟਸ

ਸਹੀ ਢੰਗ ਨਾਲ ਕਾਫ ਅਤੇ ਹੀਫਰ ਪਾਲਣ ਦਾ ਭਵਿੱਖੀ ਗਊਆਂ ਦੀ ਉਤਪਾਦਕਤਾ ਅਤੇ ਕੁਸ਼ਲਤਾ ਤੇ ਚੰਗਾ ਅਸਰ ਪੈਂਦਾ ਹੈ। ਡੀ ਹੇਸ ਨੇ ਅਜੋਕੀ ਗਾਂ ਦੀ ਮਹਾਨ ਉਤਪਾਦਕ ਸਮਰੱਥਾ ਦੀ ਵਰਤੋਂ ਲਈ ਬਹੁਤ ਖੋਜ ਕੀਤੀ ਹੈ। ਇਸ ਖੋਜ ਤੇ ਆਧਾਰਿਤ ਪ੍ਰਸਿੱਧ ਕਾਫ ਰਿਅਰਿੰਗ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ, ਜਿਸ ਨੂੰ ਕੈਲੀਬਰ ਪ੍ਰੋਗਰਾਮ ਕਿਹਾ ਜਾਂਦਾ ਹੈ। ਕਾਫ ਰਿਅਰਿੰਗ ਦੀ ਹਰ ਫੇਜ਼ ਲਈ ਵੱਖਰੇ ਫਾਰਮੂਲੇ ਤਿਆਰ ਕੀਤੇ ਗਏ ਹਨ।

**ਸਟਾਰਟਰ**




| ਮਾਪਦੰਡ | | ਫੀਡਿੰਗ ਨਿਰਦੇਸ਼ | ਮਾਤ੍ਰਾ ਪ੍ਰਤੀ ਕਾਫ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥22 | ਇਕ ਹਫਤੇ ਤੋਂ ਘੱਟੋਂ ਘੱਟ ਚਾਰ ਮਹੀਨੇ ਤਕ<br>ਰੋਜਾਨਾ ਤਾਜਾ ਫੀਡ<br>ਹਮੇਸ਼ਾ ਤਾਜ਼ੇ ਪਾਣੀ ਦੀ ਉਪਲਬਧਤਾ | ਥੋੜੀ ਮਾਤ੍ਰਾ ਤੋਂ ਸ਼ੁਰੂ ਕਰਕੇ 2.5 - 3 ਕਿਲੋ |
| ਕੁਆਲਟੀ ਪ੍ਰੋਟੀਨ | ++++++ | | |
| ਵਿਕਾਸ | +++ | | |
| ਵਾਧਾ | ++++++ | | |
| ਸੁਰਖਿਆ | +++++++ | | |

**ਜੂਨੀਅਰ**




| ਮਾਪਦੰਡ | | ਫੀਡਿੰਗ ਨਿਰਦੇਸ਼ | ਮਾਤ੍ਰਾ ਪ੍ਰਤੀ ਕਾਫ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥24 | 4/6 ਮਹੀਨਿਆਂ ਤੋਂ 12 ਮਹੀਨਿਆਂ ਤਕ<br>ਰੋਜਾਨਾ ਤਾਜਾ ਫੀਡ<br>ਹਮੇਸ਼ਾ ਤਾਜ਼ੇ ਪਾਣੀ ਦੀ ਉਪਲਬਧਤਾ | 2 ਕਿਲੋ ਤੋਂ ਮਰਜੀ ਅਨੁਸਾਰ (ਪੱਠਿਆਂ ਦੀ ਕੁਆਲਿਟੀ ਅਨੁਸਾਰ) |
| ਕੁਆਲਟੀ ਪ੍ਰੋਟੀਨ | ++++ | | |
| ਵਿਕਾਸ | +++ | | |
| ਵਾਧਾ | ++++++ | | |
| ਸੁਰਖਿਆ | ++++++ | | |

**ਸੀਨੀਅਰ**




| ਮਾਪਦੰਡ | | ਫੀਡਿੰਗ ਨਿਰਦੇਸ਼ | ਮਾਤ੍ਰਾ ਪ੍ਰਤੀ ਕਾਫ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥29 | 12 ਮਹੀਨਿਆਂ ਤੋਂ ਸੂਣ ਤੱਕ<br>ਰੋਜਾਨਾ ਤਾਜਾ ਫੀਡ<br>ਇਸ ਦੀ ਬਣਤਰ ਅਤੇ ਸੰਤੁਲਿਤ ਮਿਨਰਲਸ ਹੋਣ ਕਾਰਣ ਡਰਾਈ ਗਾਂਵਾਂ ਲਈ ਵੀ ਢੁਕਵੀਂ | 2 ਕਿਲੋ ਤੋਂ ਮਰਜੀ ਅਨੁਸਾਰ (ਪੱਠਿਆਂ ਦੀ ਕੁਆਲਿਟੀ ਅਨੁਸਾਰ) |
| ਕੁਆਲਟੀ ਪ੍ਰੋਟੀਨ | +++ | | |
| ਵਿਕਾਸ | +++++ | | |
| ਵਾਧਾ | ++++ | | |
| ਸੁਰਖਿਆ | ++++ | | |

*Applicable on moisture free basis

## ਪ੍ਰੀਲੈਕਟ ਪ੍ਰੋ: ਨਵੇਂ ਸੂਏ ਦੀ ਕਾਮਯਾਬ ਸ਼ੁਰੂਆਤ ਦੀ ਤਿਆਰੀ ਲਈ

### ਲਾਭ

- ਸੂਣਾ ਆਸਾਨ ਅਤੇ ਸੂਏ ਦੀ ਸਿਹਤਮੰਦ ਸ਼ੁਰੂਆਤ
- ਡਰਾਈ ਸਮੇਂ ਦੌਰਾਨ ਨਰੋਈਆਂ ਗਾਵਾਂ
- ਵੱਧ ਨਫਾ
- ਵਧੀਆ ਫਰਟੀਲਿਟੀ




| ਮਾਪਦੰਡ | | ਫੀਡਿੰਗ ਨਿਰਦੇਸ਼ | ਮਾਤ੍ਰਾ ਪ੍ਰਤੀ ਪਸ਼ੂ/ਦਿਨ |
|---|---|---|---|
| ਕਰੂਡ ਪ੍ਰੋਟੀਨ* | ≥230g/Kg. | ਸੂਣ ਤੋਂ 50 ਦਿਨ ਪਹਿਲਾਂ | 3-4 ਕਿਲੋ ਚਾਰੇ ਅਤੇ ਤੂੜੀ ਦੇ ਨਾਲ ਰੋਜ਼ਾਨਾ ਪ੍ਰਤੀ ਪਸ਼ੂ ਨੂੰ 3-4 ਕਿਲੋ ਫੀਡ ਦਿਓ। |
| ਕਰੂਡ ਫਾਈਵਰ | ≥110g/Kg. | | |
| ਮੈਗਨੀਸ਼ੀਅਮ | ≥7.5g/Kg. | | |
| ਵਿਟਾਮਿਨ ਏ | ≥35.000IU/Kg. | | |

### ਕਾਰਜ ਵਿਧੀ

ਇਸ ਵਿਸ਼ੇਸ਼ ਸਮੇਂ ਦੌਰਾਨ ਖੁਰਾਕੀ ਤਨਾਅ ਘੱਟ ਕਰਨ ਲਈ ਟਿਕਾਊ/ਸਥਿਰ (ਸਟੈਬਲਾਇਜ਼ਡ) ਖੁਰਾਕ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ । ਸਾਡੀ ਸਾਂਵੀ ਪ੍ਰੋਲੈਕਟੋ ਖੁਰਾਕ ਮੁੱਖ ਤੌਰ ਤੇ ਮੱਕੀ ਦੇ ਸਾਈਲੇਜ ਅਤੇ ਤੂੜੀ ਤੇ ਆਧਾਰਤ ਹੈ। ਜੋ ਕਿ ਭਾਰਤੀ ਗਾਵਾਂ ਦੀ ਖੁਰਾਕ ਲਈ ਵਿਸ਼ੇਸ਼ ਅਤੇ ਸਥਾਪਤ ਚਾਰੇ ਹਨ। ਰਿਊਮਨ ਦੀ ਕਿਰਿਆ ਨੂੰ ਸਥਿਰ ਰੱਖਣ ਲਈ, ਇਨ੍ਹਾਂ ਖੁਰਾਕਾਂ ਨੂੰ ਸੰਤੁਲਤ ਕਰਨ ਲਈ, ਵਧੀਆ ਅਤੇ ਵਾਧੂ ਪ੍ਰੋਟੀਨ ਦੀ ਲੋੜ ਹੁੰਦੀ ਹੈ। ਸੋ ਪ੍ਰੋਟੀਨ ਦੇ ਨਾਲ, ਪ੍ਰੀਲੈਕਟੋ ਪ੍ਰੋ ਵਿੱਚ ਸਪੈਸ਼ਲ ਮਿਨਰਲਜ਼ ਅਤੇ ਵਿਟਾਮਿਨਜ਼ ਵੀ ਸ਼ਾਮਲ ਕੀਤੇ ਗਏ ਹਨ, ਤਾਂ ਜੋ ਸਿਹਤਮੰਦ ਜਣਨ ਅਤੇ ਨਵੇਂ ਸੂਏ ਦੀ ਵਧੀਆ ਸ਼ੁਰੂਆਤ ਲਈ ਸੱਭ ਤੋਂ ਵਧੀਆ ਮਿਸ਼ਰਣ ਤਿਆਰ ਹੋਵੇ।